# ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ,

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ) ਈ ਬਲਾਕ, ਪੰਜਵੀਂ ਮੰਜ਼ਿਲ, ਅਜੀਤਗੜ੍ਹ
(ਮੋਹਾਲੀ) ਪੰਜਾਬ
ਫੋਨ ਨੰ. 0172-5212307, ਫੈਕਸ ਨੰ. 0172-5212369-70
Email id:- middaymealchd@gmail.com

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ./ਐ.ਸਿ.)
ਸਮੂਹ ਸਕੂਲ ਮੁੱਖੀ (ਵੈਬ ਸਾਈਟ ਤੇ),
ਪੰਜਾਬ ਰਾਜ।

ਮੀਮੋ ਨੰ. MDMS/MHN/2016/1601
ਮਿਤੀ 11/07/2016

ਵਿਸ਼ਾ:- ਸਕੂਲਾਂ ਵਿੱਚ ਐਸ.ਐਮ.ਐਸ ਰਾਹੀਂ ਮਿਡ-ਡੇ-ਮੀਲ ਰਿਪੋਰਟ ਭੇਜਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਮ.ਆਈ.ਐਸ. ਰਾਹੀਂ ਮਿਡ-ਡੇ-ਮੀਲ ਰਿਪੋਰਟ ਮੰਗਵਾਉਣ ਸਬੰਧੀ ਸਾਫਟਵੇਅਰ ਤਿਆਰ ਕੀਤਾ ਗਿਆ ਹੈ।

2.0 ਇਸ ਸਾਫਟਵੇਅਰ ਅਧੀਨ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ ਆਪਣੇ ਰਜਿਸਟਰਡ ਮੋਬਾਇਲ ਨੰਬਰ ਤੋਂ ਰੋਜ਼ਾਨਾ ਮਿਡ-ਡੇ-ਮੀਲ ਦੀ ਰਿਪੋਰਟ ਭੇਜ ਸਕਦੇ ਹਨ। ਰੋਜ਼ਾਨਾ ਮਿਡ-ਡੇ-ਮੀਲ ਦੀ ਰਿਪੋਰਟ ਭੇਜਣ ਲਈ ਹੇਠ ਲਿੱਖੇ ਫਾਰਮੈਟ ਵਿੱਚ ਐਸ.ਐਮ.ਐਸ. ਟਾਈਪ ਕਰਕੇ 51969 ਨੰਬਰ ਉੱਤੇ ਭੇਜਿਆ ਜਾਵੇਗਾ।

**PB MDM W 125 120**

**(PB means Punjab, MDM means Mid Day Meal, W/R/N: W for wheat, R for Rice and N for none, 125 represent the number of students present, 120 represent the number of students served with MDM).**

ਜੇਕਰ ਸਕੂਲ ਵਿੱਚ ਕਿਸੇ ਕਾਰਨ ਕਰਕੇ ਉਸ ਦਿਨ ਮਿਡ-ਡੇ-ਮੀਲ ਨਹੀਂ ਬਣਿਆ ਤਾਂ ਹੇਠ ਲਿੱਖੇ ਫਾਰਮੈਟ ਵਿੱਚ ਰਿਪੋਰਟ ਭੇਜੀ ਜਾਵੇ:-

**PB MDM N 0 0 1**

**(N means none, First 0 means no student is present today, second 0 means no student is served with MDM and 1 represent the reason for not serving MDM).**

**Reasons:-0- Meals served,**

**1- Non availability of Food grains,**

**2- Non availability of funds/cooking cost/ingredients,**

**3- Absence of cook-cum helpers,**

4- Food not arrived from NGO/SHG,

5- Holiday in School, 6-Others.

ਉਪਰੋਕਤ ਤੋਂ ਇਲਾਵਾ ਇਕ ਮੋਬਾਇਲ ਐਪਲੀਕੇਸ਼ਨ ਵੀ ਬਣਾਈ ਗਈ ਹੈ ਜਿਸ ਦੀ ਮਦਦ ਨਾਲ ਕੋਈ ਵੀ ਅਧਿਆਪਕ ਆਪਣੇ ਮੋਬਾਇਲ ਤੋਂ ਲਾਗਇਨ ਕਰਕੇ ਇਹ ਰਿਪੋਰਟ ਭੇਜ ਸਕਦਾ ਹੈ।ਇਸ App. ਨੂੰ Google playstore ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।Google playstore ਵਿੱਚ Epunjab ਲਿੱਖਿਆ ਜਾਵੇ ਅਤੇ Epunjab staff login ਨਾਮ ਦੀ App. ਡਾਊਨਲੋਡ ਕੀਤੀ ਜਾਵੇ।ਇਸ App. ਲਈ login id ਅਤੇ ਪਾਸਵਰਡ ਅਧਿਆਪਕ ਆਪਣਾ epunjab school ਵਾਲਾ ਹੀ ਵਰਤ ਸਕਦੇ ਹਨ।

ਸਾਫਟਵੇਅਰ ਅਤੇ SMS ਸਬੰਧੀ ਕਿਸੇ ਵੀ ਕਿਸਮ ਦੀ ਮਦਦ ਲਈ ਆਪਣੇ ਜ਼ਿਲ੍ਹੇ ਦੇ MIS ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾਵੇ।MIS ਕੋਆਰਡੀਨੇਟਰ ਦੇ ਨੰਬਰ www.epunjabschool.gov.in ਪੋਰਟਲ ਉੱਤੇ About us ਲਿੰਕ ਅਧੀਨ ਦਰਜ ਹਨ।

ਉਪਰੋਕਤ ਹੁਕਮਾਂ ਦੀ ਇੰਨ ਬਿਨ ਪਾਲਨਾ ਕੀਤੀ ਜਾਵੇ।

ਜਨਰਲ ਮੈਨੇਜਰ

ਪਿ.ਅੰ.ਨੰ. MDMS/MHN/2016/1602 ਮਿਤੀ 11/07/2016

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਕੋਆਰਡੀਨੇਟਰ(ਮਿਡ-ਡੇ-ਮੀਲ) ਨੂੰ ਜ਼ਰੂਰੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਨਰਲ ਮੈਨੇਜਰ